# ਪਰਮਪੂਜਨੀਕ ਸੱਚੇ ਪਿਤਾ ਵਾਹਿਗੁਰੂ ਜੀ ਦੇ ਅਰਥ- ਸ਼ਹੀਦੀ ਜਾਪ



ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ! ਹੁਣ ਉੱਬਲਦੀ ਦੇਗ਼ ’ਚ ਚੌਂਕੜਾ ਲਾ ਰਹੇ ਹਨ। ਹੁਣ ਮੱਚਦੇ ੨ ਰੇਤੇ ’ਤੇ ਬੈਠ ਰਹੇ ਹਨ, ਮੱਚਦਾ ੨ ਰੇਤਾ ਅਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ ’ਤੇ ਹੁਣ ਪੁਆ ਰਹੇ ਹਨ, ਹੁਣ ਮੱਚਦੀ ੨ ਲੋਹ ’ਤੇ ਖੜ੍ਹ ਰਹੇ ਹਨ।



ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਧੰਨ ਹਨ। ਲੋਹੇ ਦੇ ਤੰਗ ਪਿੰਜਰੇ ’ਚ ਤਿੱਖੇ ਕਿੱਲਾਂ ਵਿਚਕਾਰ ਬੈਠੇ ਹੁਣ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਹੁਣ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦਾ ਸ਼ਹੀਦ ਹੋਇਆ ਸੀਸ ਹੁਣ ਦਾਸਨ ਦਾਸੀ ਦੇ ਸਿਰ ‘ਤੇ ਸਜ ਰਿਹਾ ਹੈ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਪਰਮ ਸ਼ਹੀਦ ਧੰਨ ਬਾਬਾ ਜੀਵਨ ਸਿੰਘ ਸਾਹਿਬ ਜੀ ਭਾਈ ਜੈਤਾ ਜੀ! ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪਵਿੱਤ੍ਰ ਨਿਰੰਕਾਰੀ ਸੀਸ ਨੂੰ, ਅਪਣੇ ਸੀਸ ’ਤੇ ਸਜਾ ਕੇ, ਦਿੱਲੀਓਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ, ਹੁਣ ਲਿਜਾ ਰਹੇ ਹਨ, ਸ੍ਰੀ ਅਨੰਦਪੁਰ ਸਾਹਿਬ ਜੀ ਤਿਆਗਣ ਮਗਰੋਂ, ਸਰਸਾ ਨਦੀ ਨੇੜੇ, ਜ਼ਾਲਮਾਂ ਦਾ ਪੁਰਜਾ ੨ ਕੱਟ ਕੇ, ਆਪਣਾ ਅੰਗ ੨ ਕਟਵਾ ਕੇ, ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥ ਅਨੁਸਾਰ ਹੁਣ ਸ਼ਹੀਦੀ ਪਾ ਰਹੇ ਹਨ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਪਰਮਵੀਰ ਬਹਾਦਰ ਸੂਰਬੀਰ ਸਤੀਰਾਮ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਰੂੰ ’ਚ ਲਪੇਟ ਕੇ ਸਾੜ ਰਹੇ ਹਨ। ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਬਾਬਾ ਟੋਡਰਮੱਲ ਸਾਹਿਬ ਜੀ! ਪਰਮਪੂਜਨੀਕ ਬ੍ਰਿਧ ਮਾਤਾ ਗੁਜਰੀ ਕੌਰ ਜੀ ਛੋਟੇ ਸਾਹਿਬਜ਼ਾਦਿਆਂ ਜੀ ਦੇ ਸਤਿਕਾਰ ਸਸਕਾਰ ਲਈ, ਖੜ੍ਹੀਆਂ ਮੋਹਰਾਂ ਵਿਛਾ ਕੇ, ਉਨ੍ਹਾਂ ਦਾ ਹੁਣ ਸਸਕਾਰ ਕਰ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਬਾਬਾ ਨਗਾਹੀਆ ਸਿੰਘ ਸਾਹਿਬ ਜੀ! ਹੁਣ ਸੱਚੇ ਸਤਿਗੁਰਾਂ ਨੂੰ ਅਪਣੇ ਘੋੜੇ ’ਤੇ ਬਿਠਾ ਰਹੇ ਹਨ, ਸਤਿਗੁਰੂ ਸਾਹਿਬ ਜੀ ਨੂੰ ਘੋੜਾ ਅਰਪਣ ਤੋਂ, ਜ਼ਾਲਮ ਮੁਗਲ ਬਾਬੇ ਜੀ ਦੇ ਪ੍ਰਵਾਰ ਨੂੰ ਹੁਣ ਸ਼ਹੀਦ ਕਰ ਰਹੇ ਹਨ।

**ਦਸਾਂ ਹੀ ਸੱਚੇ ਸਤਿਗੁਰਾਂ ਦੀ ਜਾਗਦੀ ਜੋਤਿ,ਚਵਰ ਛਤਰ ਤਖ਼ਤ ਦੇ ਮਾਲਕ,ਜੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ,ਸਦਾ-ਸਦਾ ਮਿਹਰਵਾਨ ਸਤਿਗੁਰੂ ਭਗਵਾਨ,ਅਨਤ ਕਲਾਵਾਨ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ ਸਰਬ ਕਲਾ ਭਰਪੂਰ,ਪਾਰਬ੍ਰਹਮ ਕੇ ਗੁਰ ਅਵਤਾਰ,ਧੁਰ ਕੀ ਬਾਣੀ ਕਲਿਜੁੱਗ ਜਹਾਜ਼,ਸੱਚੇ ਨਾਮ ਦੇ ਦਾਤੇ,ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਮਪਵਿਤ੍ਰ ਅੰਮ੍ਰਿਤ ਗੁਰਸ਼ਬਦ,ਅੱਖਰ, ਲਗਾਂ ਅਰਥਾਂ ਸਹਿਤ ਪੂਰਨ ਵਾਹਿਗੁਰੂ ਨਿਰੰਕਾਰ ਜੀ ਹਨ।**

**ਪਰਮਪੂਜਨੀਕ ਸਤਿਗੁਰਾਂ ਦੇ ਪੰਜ ਪਿਆਰੇ ਚਾਰ ਸਾਹਿਬਜ਼ਾਦੇ,ਚਾਲ਼ੀ ਮੁਕਤੇ,ਸੰਤ ਭਗਤ ਗੁਰਮੁਖਿ ਸੇਵਕ ਪਿਆਰੇ,ਜਿਨ੍ਹਾਂ ਨਾਮ ਜਪਿਆ ਵੰਡ ਛਕਿਆ,ਦੇਗ਼ ਚਲਾਈ ਤੇਗ਼ ਵਾਹੀ,ਧਰਮ ਹੇਤ ਸੀਸ ਕੁਰਬਾਨ ਕੀਤੇ, ਚਰਖ਼ੜ੍ਹੀਆਂ ’ਤੇ ਚੜ੍ਹੇ,ਬੰਦ-ਬੰਦ ਕਟਵਾਏ,ਖੋਪਰੀਆਂ ਲੁਹਾਈਆਂ ਉੱਬਲਦੀਆਂ ਦੇਗ਼ਾਂ ’ਚ ਬੈਠੈ,ਆਰਿਆਂ ਨਾਲ ਚੀਰੇ ਗਏ,ਭੱਠਾਂ ’ਚ ਝੋਕੇ ਗਏ,ਸਵਾ-ਸਵਾ ਮਣ ਦੇ ਪੀਸਣੇ ਪੀਸੇ,ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ,ਅਪਣੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ,ਝੋਲ਼ੀਆਂ ’ਚ ਪੁਆਇਆ,ਗਲ਼ਾਂ ’ਚ ਹਾਰ ਪੁਆਏ,ਨੇਜ਼ਿਆਂ ’ਤੇ ਟੰਗਾਇਆ, ਗੋਲ਼ੀਆਂ ਡਾਗਾਂ ਖ਼ਾਧੀਆਂ,ਆਪ ਜੀ ਦੇ ਭਾਣੇ ਨੂੰ ਮਿੱਠਾ ਮੰਨ ਕੇ,ਗੁਰਦੁਆਰਿਆਂ ਦੀ ਸ਼ੁਭ ਸੱਚੀ ਸੇਵਾ ਲਈ,ਧਰਮ ’ਚ ਦ੍ਰਿੜ ਪ੍ਰਪੱਕ ਰਹਿ ਕੇ,ਕੁਰਬਾਨੀਆਂ ਹੀ ਕੁਰਬਾਨੀਆਂ ਕੀਤੀਆਂ,ਦੇਖ ਕੇ ਅਣਡਿੱਠ ਕੀਤਾ,ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਬਾਹਿਆ: ਤਿਨ੍ਹਾਂ ਪੁਰਾਤਨ ਵਰਤਮਾਨ ਸਮੇਂ ਦੇ ਸਮੂਹ ਸਿੰਘ ਸਿੰਘਣੀਆਂ ਦੀ ਵੈਰਾਗਮਈ ਸ਼ਹੀਦੀ ਨੂੰ ਵਾਹਿਗੁਰੂ ਸਮਝ ਕੇ ਵਾਹਿਗੁਰੂ ਵਾਹਿਗੁਰੂ ਜਪਣਾ, ਗੁਰੂ ਜੀ ਸਭ ਸ਼ੁਭ ਕਰਮ ਧਰਮ ਕਾਮਨਾ ਪੂਰੀਆਂ ਕਰਨਗੇ ਜੀ। ਹਰ ਸਮੇਂ ਹਰ ਸਵਾਸ ਹਰ ਜਗਹ ਪੂਰਨ ਗੁਰੂ ਜੀ, ਗੁਰੂ ਪਿਆਰਿਆਂ ਦੀ ਵੈਰਾਗਮਈ ਸ਼ਹੀਦੀ ਜਪਣੀ-ਜਪਾਉਣੀ ਜੀ। ਕੋਟਾਨ ਕੋਟ ਨਮਸਕਾਰ।**

☆ ਗੁਰੂ ਗਰੰਥ ਸਾਹਿਬ ਜੀ ਦੇ ਸੰਪੂਰਨ ਸ਼ੁੱਧ ਸ਼ੁੱਧ ਸ਼ੁੱਧ ਪਾਠ ਦੀ CD, DVD ਵਾਸਤੇ ਦਾਸਾਂ ਨਾਲ ਸੰਪਰਕ ਕਰੋ ਜੀ। ਘਰੇ ਔਡੀਓ ਨਾਲ ਸੈਂਚੀ ਪ੍ਰਕਾਸ਼ ਕਰਕੇ, ਆਪ ਹੀ ਪਰਿਵਾਰ ਸਮੇਤ ਸਹਜ ਪਾਠ, ਅਖੰਡ ਪਾਠ ਕਰੋ, ਪਾਤਸ਼ਾਹੀਆ ਪਾਉ ਜੀ।

☆ ਬੱਚਿਆਂ ਨੂੰ ਘਰੇ ਗੁਰਮੁਖੀ (ਪੰਜਾਬੀ) ਸੌਖੱਲੇ ਢੰਗ ਨਾਲ ਪੜ੍ਹਣੀ, ਲਿਖਣੀ, ਬੋਲਣੀ ਸਿਖਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਦਾਸਾਂ ਤੋਂ ਦੋ ਨਵੀਨ DVD-Video ਤਿਆਰ ਕਰਵਾਈਆਂ ਹਨ, ਪ੍ਰਾਪਤ ਕਰੋ ਜੀ।

## ਦਾਸਨਦਾਸਾਂ ਵੱਲੋਂ ਛਪੀਆਂ ਪਰਮਪਵਿੱਤ੍ਰ ਦਸ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਨਿਹਾਲ ਹੋਵੋ ਜੀ।

੧. ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਗੁਰ ਬੰਸਾਵਲੀ।
੨. ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸ, ਗੁਰਪੁਰਬਾਂ ਦੀਆਂ ਅਰਦਾਸਾਂ।
੩. ਪਰਮਪਾਕ ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮਵਿੱਦਿਆ ਸੰਸਕਾਰ, ਅਨੰਦਕਾਰਜ ਸੰਸਕਾਰ, ਅੰਤਮ ਸੰਸਕਾਰ।
੪. ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁੱਭ ਸਿੱਖਿਆ।
੫. ਆਦਿ ਗੁਰਬਾਣੀ, ਦਸਮ ਬਾਣੀ, ਭਾਈ ਗੁਰਦਾਸ ਜੀ ਵਾਰਾਂ 'ਚੋਂ ਗ੍ਰੀਬੀ ਵਾਲੇ ਸਬਦ ਪਦਾਂ ਦੇ ਵਿਸਮਾਦ ਅਰਥ, ਪੂਜਾ ਦਾ ਧਾਨ ਜ਼ਹਿਰ ਹੈ।
੬. ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ.ਸ੍ਰੀ ਦਮਦਮੀ ਟਕਸਾਲ।
੭. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ ਸ਼੍ਰੀ ਦਮਦਮੀ ਟਕਸਾਲ।
੮. ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫ਼ਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।
੯. ਪਰਮਪੂਜਨੀਕ ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।
੧੦. ਗੁਰਮੁਖਿ ਗੁਰਮੁਖੀ ਬਾਲਉਪਦੇਸ਼।

## Obtain our 10 published books & enjoy reading! Their audiobook & videobook is available on www.Gursevak.com

☆ We have the world's first 5 CD set of correct pronunciation of Guru Granth Sahib Ji. Now you can use it to do a complete 'paath' at your home yourself! The audio & Gurbani text have also been synced to produce HD videos available on www.Gursevak.com

☆ We have a revolutionary DVD which will enable you to learn to read, write and speak Gurmukhi (Punjabi) in easy steps!

---

ਸੰਤ ਗੁਰਬਚਨ ਸਿੰਘ ਜੀ ਖਾਲਸਾ (ਦਮਦਮੀ ਟਕਸਾਲ) ਤੋਂ ਵਰੋਸਾਇਆ,
ਦਾਸਨਿ ਦਾਸੀ ਕੀ ਪਨਿਹਾਰਿ॥ :ਜਸਵੰਤ ਸਿੰਘ 'ਭਗਤ'
Student of Sant Gurbachan Singh Ji Khalsa (Damdami Taksal), your humble servant, Jaswant Singh 'Bhagat'
INDIA: 896.895.6093, 987.699.4886
SURREY: 604.507.8801 CALGARY: 403.671.7283
TORONTO: 905.216.7437, 905.458.7776

ਸਰਬੱਤ ਦੇ ਭਲੇ ਹਿੱਤ ਗੁਰੂ ਗਰੰਥ ਸਾਹਿਬ ਜੀ ਦੇ ਸ਼ੁੱਧ ਪਾਠ, ਜਨਜੀਵਨ ਸਿੱਖਿਆ ਦੀ CD, DVD ਨੂੰ ਘਰ ਘਰ ਭੇਜਣ ਵਾਸਤੇ, ਦਸਵੰਧ ਦਵੋ ਜੀ:
Donate for sending Guru Granth Sahib Ji's correct audio CDs DVDs, Gurmukh lifestyle & health tips to every household:
Name: Sumanjit Kaur Singh Institution# 004
TD Bank Account # 6091694 Branch# 11762
Swift Code: TDOMCATTTOR Routing# ABA 026009593